# ਪ੍ਰਮੁੱਖ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਐਜੁਕੇਸ਼ਨ, ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, ਅਜੀਤਗੜ੍ਹ।

ਵੱਲ

ਡੀ.ਪੀ.ਆਈ. (ਸੈ.ਸਿ.),
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), (ਨੋਟਿਸ ਬੋਰਡ ਰਾਹੀਂ)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), (ਨੋਟਿਸ ਬੋਰਡ ਰਾਹੀਂ)
ਸਮੂਹ ਸਕੂਲ ਮੁਖੀ (ਵੈਬ-ਸਾਈਟ ਰਾਹੀਂ),
ਪੰਜਾਬ।

ਮੀਮੋ ਨੰ: ਸਸਅ/ਐਮਸੀ/2013/ 15881-889
ਮਿਤੀ : 26-09-2013

ਵਿਸ਼ਾ :- **Remedial Teaching for Slow Learners.**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਰਮਸਾ ਅਧੀਨ ਜਮਾਤ ਨੌਵੀਂ ਦੇ 20535 ਮੈਥ ਅਤੇ ਸਾਇੰਸ ਵਿਸ਼ੇ ਦੇ slow learner ਵਿਦਿਆਰਥੀਆਂ ਲਈ Remedial Teaching ਕਰਵਾਈ ਜਾਣੀ ਹੈ।

2.0 ਇਸ ਨੂੰ ਸਹੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਹੇਠ ਲਿਖੇ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ:-

- ਸਥਾਨ :- ਸਬੰਧਤ ਸਕੂਲ ਵਿੱਚ ਹੀ ਲਗਭਗ 10% ਵਿਦਿਆਰਥੀਆਂ ਦੀ Remedial Teaching ਕਰਵਾਈ ਜਾਵੇ।
- ਸਮਾਂ :- ਇੱਕ ਘੰਟਾ ਸਵੇਰੇ/ਸ਼ਾਮ ਸਕੂਲ ਲੱਗਣ ਤੋਂ ਪਹਿਲਾਂ/ਬਾਅਦ ਵਿੱਚ, ਇੱਕ ਦਿਨ ਸਾਇੰਸ ਅਤੇ ਦੂਸਰੇ ਦਿਨ ਗਣਿਤ ਵਿਸ਼ੇ ਨੂੰ ਕ੍ਰਮਵਾਰ ਪੜ੍ਹਾਇਆ ਜਾਵੇ। ਇਹ ਟ੍ਰੇਨਿੰਗ 1 ਅਕਤੂਬਰ, 2013 ਤੋਂ 6 ਦਸੰਬਰ, 2013 ( 25 ਦਿਨ ਗਣਿਤ ਅਤੇ 25 ਦਿਨ ਮੈਥ) ਤਕ ਦਿੱਤੀ ਜਾਵੇ।
- **ਅਧਿਆਪਕ** :- ਸਕੂਲ ਵਿੱਚ ਸਾਇੰਸ ਅਤੇ ਮੈਥ ਵਿਸ਼ਾ ਪੜ੍ਹਾਉਂਦੇ ਅਧਿਆਪਕ ਦੁਆਰਾ ਇਹ ਡਿਊਟੀ ਨਿਭਾਈ ਜਾ ਸਕਦੀ ਹੈ। ਜੇਕਰ ਸਕੂਲ ਵਿਚ ਅਧਿਆਪਕ ਮੌਜੂਦ ਨਾ ਹੋਵੇ ਤਾਂ ਕਲੱਸਟਰ ਪੱਧਰ ਤੇ ਕਲੱਸਟਰ ਮੁੱਖੀ ਦੁਆਰਾ ਦੂਸਰੇ ਸਕੂਲ ਤੋਂ ਇੱਕ ਘੰਟੇ ਲਈ ਰੋਜ਼ਾਨਾ ਅਧਿਆਪਕ ਭੇਜਿਆ ਜਾ ਸਕਦਾ ਹੈ।
- **ਅਦਾਇਗੀ** :- ਸਕੂਲ ਵਿੱਚ ਜਿਨ੍ਹੇ ਵਿਦਿਆਰਥੀ Remedial Coaching ਦਾ ਲਾਭ ਲੈਣਗੇ ਉਹਨਾਂ ਵਿਦਿਆਰਥੀਆ (500 ਰੁਪਏ ਪ੍ਰਤੀ ਵਿਦਿਆਰਥੀ) ਦੇ ਹਿਸਾਬ ਨਾਲ ਜੋ ਰਾਸ਼ੀ ਬਣੇਗੀ, ਉਸ ਨੂੰ Remedial Teaching ਦੇਣ ਵਾਲੇ ਅਧਿਆਪਕਾਂ ਵਿੱਚ ਬਰਾਬਰ ਵੰਡਿਆ ਜਾਵੇ।

ਇਹ ਵੰਡ ਜ਼ਿਲ੍ਹਾ ਸਿਖਿਆ ਅਫ਼ਸਰ (ਸੈ.ਸਿ.) ਵਲੋਂ ਸਕੂਲ ਮੁਖੀ ਵਲੋਂ ਪੇਸ਼ ਕੀਤੇ ਬਿਲਾਂ ਤੇ ਅਧਾਰਿਤ ਕੀਤੀ ਜਾਵੇ ਅਤੇ ਇਹ ਸੁਨਿਸਚਿਤ ਕੀਤਾ ਜਾਵੇ ਕਿ ਸਬੰਧਤ ਜ਼ਿਲ੍ਹੇ ਨੂੰ ਜਿਨ੍ਹੀ ਰਾਸ਼ੀ ਦਿੱਤੀ ਗਈ ਹੈ ਉਸ ਮੁਤਾਬਿਕ ਹੀ ਬਿਲ ਪਾਸ ਕੀਤੇ ਜਾਣ। ਇਸ ਤੋਂ ਇਲਾਵਾ ਹੋਰ ਕੋਈ ਰਾਸ਼ੀ ਇਸ ਮੰਤਵ ਲਈ ਨਹੀਂ ਜਾਰੀ ਕੀਤੀ ਜਾਵੇਗੀ।

- **ਡਿਊਟੀ:-** ਇਸ Remedial Teaching ਲਈ ਪੂਰੀ ਜਿੰਮੇਵਾਰੀ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦੀ ਹੋਵੇਗੀ ਅਤੇ ਉਹਨਾਂ ਵੱਲੋਂ ਜ਼ਿਲ੍ਹਾ ਸਾਇਸ ਸੁਪਰਵਾਈਜ਼ਰ ਅਤੇ ਜ਼ਿਲ੍ਹਾ ਰਿਸੋਰਸ ਪਰਸਨ (ਮੈਥ) ਦੀ ਡਿਊਟੀ ਲਗਾਈ ਜਾਵੇ।
- **ਹਾਜ਼ਰੀ:-**ਸਬੰਧਤ ਸਕੂਲ ਮੁਖੀ ਦੁਆਰਾ ਹਾਜ਼ਰੀ ਅਤੇ ਪੈਸਿਆਂ ਦਾ ਪੂਰਾ ਰਿਕਾਰਡ ਰੱਖਿਆ ਜਾਣਾ ਬਣਦਾ ਹੈ।

3.0 ਅਧਿਆਪਕ ਮਾਪਿਆਂ ਤੋਂ ਇਹ ਲਿਖਵਾ ਲੈਣ ਕਿ ਵਿਦਿਆਰਥੀਆਂ ਨੂੰ ਇਸ Remedial Teaching ਲਈ ਭੇਜਣ ਲਈ ਰਜਾਮੰਦ ਹਨ। ਵਿਦਿਆਰਥੀਆਂ ਦੀ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਅਤੇ ਅਧਿਆਪਕ ਦੀ ਹੋਵੇਗੀ।

4.0 ਉਕਤ ਹੁਕਮਾਂ ਦੀ ਇਨ-ਬਿਨ ਪਾਲਣਾ ਕੀਤੀ ਜਾਵੇ।

(signature)
ਪ੍ਰਮੁੱਖ ਸਕੱਤਰ-ਕਮ-**ਡਾਇਰੈਕਟਰ** ਜਨਰਲ ਸਕੂਲ ਸਿੱਖਿਆ
ਪੰਜਾਬ, ਅਜੀਤਗੜ੍ਹ

ਪਿੱਠ ਅੰਕਣ ਨੀ: ਸਸਅ/ਐਮਸੀ/2013/ ਉਕਤ          ਮਿਤੀ: 26-09-2013

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਸਮੂਹ ਡੀ.ਆਰ.ਪੀ. (ਮੈਥ), ਪੰਜਾਬ
2. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, ਪੰਜਾਬ।
2. ਡੀ.ਐਮ. (ਐਮ.ਆਈ.ਐਸ.)

(signature)
ਪ੍ਰਮੁੱਖ ਸਕੱਤਰ-ਕਮ-**ਡਾਇਰੈਕਟਰ** ਜਨਰਲ ਸਕੂਲ ਸਿੱਖਿਆ
ਪੰਜਾਬ, ਅਜੀਤਗੜ੍ਹ